## ਜੇਕਰ ਮੇਰਾ ਕੋਈ ਸਵਾਲ ਹੈ ਤਾਂ ਮੈਂ ਕਿਸ ਨਾਲ ਸੰਪਰਕ ਕਰ ਸਕਦਾ ਹਾਂ ?

ਜੇਕਰ ਤੁਸੀਂ ਮੁਫ਼ਤ ਸਕੂਲ ਭੋਜਨ ਬਾਰੇ ਕੋਈ ਪੁੱਛਗਿੱਛ ਕਰਨਾ ਚਾਹੁੰਦੇ ਹੋ ਤਾਂ ਸਹਾਇਤਾ ਅਤੇ ਸਲਾਹਕਾਰ ਟੀਮ ਨਾਲ - 01467 533400 ਫੋਨ ਨੰਬਰ ਤੇ ਸੰਪਰਕ ਕਰੋ, ਜਾਂ ਇਸ ਈ-ਮੇਲ fsm@aberdeehshire.gov.uk ਤੇ ਈ-ਮੇਲ ਭੇਜ ਸਕਦੇ ਹੋ।

## ਮੇਰੇ ਵੱਲੋਂ ਦਿੱਤੀ ਜਾਣਕਾਰੀ ਕਿਵੇਂ ਸਾਂਭੀ ਜਾਂਦੀ ਹੈ ?

ਸਾਰੀ ਜਾਣਕਾਰੀ ਨੂੰ ਸੰਪੂਰਨ ਤੌਰ ਤੇ ਗੁਪਤ ਰੱਖਿਆ ਜਾਂਦਾ ਹੈ ਅਤੇ ਇਹ ਜਾਣਕਾਰੀ ਕੇਵਲ ਏਬਰਡੀਨਸ਼ਾਇਰ ਕਾਉਂਸਿਲ ਦੁਆਰਾ ਹੀ ਸਾਂਭੀ ਜਾਂਦੀ ਹੈ।



**ਜੇਕਰ ਤੁਹਾਨੂੰ ਇਸ ਪੱਤਰੀ ਨੂੰ ਪੜ੍ਹਨ ਵਿੱਚ ਕੋਈ ਮੁਸ਼ਕਿਲ ਆ ਰਹੀ ਹੈ ਤਾਂ ਕਿਰਪਾ ਕਰਕੇ ਸਾਡੇ ਨਾਲ 01467 533400 ਫੋਨ ਨੰਬਰ ਤੇ ਸੰਪਰਕ ਕਰੋ।**

# ਏਬਰਡੀਨਸ਼ਾਇਰ ਕਾਉਂਸਿਲ

## ਸਿਹਤਮੰਦ ਭਵਿੱਖ ਲਈ ਅੱਜ ਖਾਣਾ ਮੁੱਹਈਆ ਕਰਾਉਂਦੇ ਹਨ !

ਸਕੂਲ ਕੇਟਰਿੰਗ ਸਰਵਿਸ ਦੁਆਰਾ ਤਿਆਰ ਕੀਤਾ ਗਿਆ ਮੇਨੂ ਸਕੋਟੀਸ਼ ਸਰਕਾਰ ਦੇ ਖਾਣ ਪੀਣ (ਸਕਾਟਲੈਂਡ ) ਰੈਗੂਲੇਸ਼ਨ ੨੦੦੮ ਦੀਆ ਜਰੂਰਤਾਂ ਤੇ ਪੂਰਾ ਉਤਰਦਾ ਹੈ ਅਤੇ ਇਹ ਬੱਚਿਆਂ ਦੀਆਂ ਰੋਜ਼ਾਨਾ ਪੋਸ਼ਕ ਤੱਤਾਂ ਦੀਆਂ ਜਰੂਰਤਾਂ ਪੂਰਨ ਕਰਦਾ ਹੈ।

ਮੇਨੂ ਹਫਤੇ ਦੌਰਾਨ ਸੰਤੁਲਿਤ ਭੋਜਨ ਅਤੇ ਉਸਦੇ ਬਹੁਤ ਸਾਰੇ ਵਿਕਲਪ ਪ੍ਰਦਾਨ ਕਰਦਾ ਹੈ।

ਏਬਰਡੀਨਸ਼ਾਇਰ ਕਾਉਂਸਿਲ ਵਿਚ ਅਧਿਆਪਨ ਅਤੇ ਕੇਟਰਿੰਗ ਸਟਾਫ, ਸੰਤੁਲਿਤ ਭੋਜਨ ਦੀ ਮਹੱਤਤਾ ਨੂੰ ਪ੍ਰਫੁੱਲਿਤ ਕਰਨ ਲਈ ਕੰਮ ਕਰਦਾ ਹੈ। ਸਕੂਲੀ ਬੱਚੇ ਜੋ ਮੁਫਤ ਸਕੂਲ ਭੋਜਨ ਲੈਣ ਦੇ ਯੋਗ ਹੁੰਦੇ ਹਨ ਓਹਨਾ ਨੂੰ ਇਸ ਦਾ ਪੂਰਾ ਲਾਭ ਲੈਣ ਲਈ ਪ੍ਰੇਰਿਤ ਕੀਤਾ ਜਾਂਦਾ ਹੈ।

ਸਕੂਲ ਕੇਟਰਿੰਗ ਸੇਵਾ ਅੰਦਰ ਸਾਡੀਆਂ ਸੇਵਾਵਾਂ ਸੰਬੰਧੀ ਤੁਹਾਡੇ ਵਿਚਾਰਾਂ ਦੀ ਕਦਰ ਕੀਤੀ ਜਾਂਦੀ ਹੈ।

ਜੇਕਰ ਤੁਸੀਂ ਸਾਡੀ ਦੇ ਕਿਸੇ ਮੈਂਬਰ ਨਾਲ ਗੱਲ ਕਰਨਾ ਚਾਹੁੰਦੇ ਹੋ ਜਾਂ ਸਾਡੀਆਂ ਸੇਵਾਵਾਂ ਸੰਬੰਧੀ ਕੋਈ ਜਾਣਕਾਰੀ ਹਾਸਲ ਕਰਨਾ ਚਾਹੁੰਦੇ ਹੋ ਤਾਂ ਹੇਠ ਲਿਖੇ ਤੇ ਫੋਨ ਜਾਂ ਈ-ਮੇਲ ਕਰੋ .

01467 530723 or
Schoolmeals@aberdeenshire.gov.uk

**ਪਹਾੜੀਆਂ ਤੋਂ ਸਮੁੰਦਰ ਤੱਕ ਅਬੇਰਦੀਨਸ਼ੀਰੇ ਦੇ ਸੇਵਾ ਵਿਚ- ਸਕਾਟਲੈਂਡ ਵਿਚ ਸਭ ਤੋਂ ਵਧੀਆ।**

Free school meals information leaflet – August 2023 - Punjabi

# ਮੁਫ਼ਤ ਸਕੂਲ ਭੋਜਨ ਕਿਵੇਂ ਪ੍ਰਾਪਤ ਕਰਨਾ ਹੈ ਇਸ ਬਾਰੇ ਇਕ ਗਾਈਡ।



Aberdeenshire
COUNCIL

## ਮੁਫ਼ਤ ਸਕੂਲ ਭੋਜਨ ਕੀ ਹੈ ?

ਮੁਫ਼ਤ ਸਕੂਲ ਭੋਜਨ ਦੁਪਹਿਰ ਦਾ ਭੋਜਨ ਹੈ ਜੋ ਏਬਰਡੀਨਸ਼ਾਇਰ ਕਾਉਂਸਿਲ ਵਲੋਂ ਘੱਟ ਆਮਦਨੀ ਵਾਲੇ ਪਰਿਵਾਰਾਂ ਨੂੰ ਮੁਫ਼ਤ ਦਿੱਤਾ ਜਾਂਦਾ ਹੈ। ਹੋਰ ਬੱਚੇ ਇਹ ਨਹੀਂ ਦੇਖ ਸਕਣਗੇ ਕੇ ਤੁਹਾਡੇ ਬੱਚੇ ਨੂੰ ਮੁਫ਼ਤ ਸਕੂਲ ਭੋਜਨ ਮਿਲ ਰਿਹਾ ਹੈ।

**ਜੋ ਬੱਚੇ ਪ੍ਰਾਇਮਰੀ ਸਕੂਲ ਜਾਂਦੇ ਹਨ ਅਤੇ ਇਹ ਹੱਕ ਲੈਣ ਦੇ ਯੋਗ ਹਨ , ਓਹਨਾ ਨੂੰ ਮੁਫ਼ਤ ਭੋਜਨ ਦਿੱਤਾ ਜਾਵੇਗਾ। ਇੱਕ ਔਨਲਾਈਨ ਸਿਸਟਮ ਸਕੂਲਾਂ ਵਿਚ ਲਾਗੂ ਹੈ ਜੋ ਕਿ ਯੋਗ ਬੱਚਿਆਂ ਦੀ ਪਹਿਚਾਣ ਕਰ ਲਾਵੇਗਾ। ਉਂਝ ਤਾਂ ਤੁਹਾਨੂੰ ਭੁਗਤਾਨ ਕਰਨ ਦੀ ਕੋਈ ਜਰੂਰਤ ਨਹੀਂ ਪਰੰਤੂ ਮਾਪਿਆਂ ਅਤੇ ਸਰਪ੍ਰਸਤਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਇਸ ਔਨਲਾਈਨ ਸਿਸਟਮ ਨਾਲ ਰਜਿਸਟਰ ਕਰਨ ਤਾਂ ਕਿ ਉਹ ਦੇਖ ਸਕਣ ਕਿ ਓਹਨਾ ਦਾ ਬੱਚਾ ਕਿਸ ਤਰਾਂ ਦੇ ਭੋਜਨ ਦੀ ਚੋਣ ਕਰ ਰਿਹਾ ਹੈ।**

ਜੋ ਬੱਚੇ ਸੈਕੰਡਰੀ ਸਕੂਲ ਜਾਂਦੇ ਹਨ ਓਹਨਾ ਨੂੰ ਸਕੂਲ ਭੋਜਨ ਹਾਲ ਵਿਚ ਵਰਤਣ ਲਈ ਰੋਜਾਨਾ ਭੱਤਾ ਦਿੱਤਾ ਜਾਵੇਗਾ ਇਹ ਭੱਤਾ ਦੋ ਕੋਰਸ ਭੋਜਨ ਦੇ ਕੀਮਤ ਦੇ ਬਰਾਬਰ ਹੋਵੇਗਾ ਇਹ ਭੱਤਾ ਰੋਜਾਨਾ ਸਵੇਰੇ ਆਪਣੇ ਆਪ ਬੱਚੇ ਦੇ ਅਕਾਊਂਟ ਵਿਚ ਜਮਾ ਹੋ ਜਾਵੇਗਾ ਅਣਵਰਤਿਆ ਪੈਸਾ ਅਕਾਊਂਟ ਵਿੱਚੋ ਖਤਮ ਹੋ ਜਾਵੇਗਾ

## ਕੀ ਮੇਰਾ ਬੱਚਾ ਮੁਫ਼ਤ ਸਕੂਲ ਭੋਜਨ ਲੈਣ ਦਾ ਹੱਕਦਾਰ ਹੈ ?

- ਮੁਫ਼ਤ ਸਕੂਲ ਭੋਜਨ ਤੁਹਾਡੇ ਲਾਭ ਪ੍ਰਾਪਤ ਕਰਨ/ਆਮਦਨ ਦੇ ਪੱਧਰ ਤੇ ਨਿਰਭਰ ਕਰਦਾ ਹੈ , ਇਹ ਹੇਠ ਲਿਖੇ ਹਲਾਤਾਂ ਵਿਚ ਮਿਲ ਸਕਦਾ ਹੈ :-
- ਜੇਕਰ ਪਰਿਵਾਰ ਨੂੰ ਇਨਕਮ ਸੁਪੋਰਟ ਜਾ ਪੈਨਸ਼ਨ ਕਰੈਡਿਟ ਮਿਲ ਰਿਹਾ ਹੈ (ਗਰੰਟੀਕਰੈਡਿਟ )।
- ਜੇਕਰ ਪਰਿਵਾਰ ਨੂੰ ਜੋਬ ਸੀਕਰਸ ਅੱਲੋਵਾਨਸ ਜਾ ਐਮਪਲੋਇਮੈਂਟ ਸਪੋਰਟ ਅੱਲੋਵਾਨਸ ਮਿਲ ਰਿਹਾ ਹੈ।
- ਜੇਕਰ ਮਾਪੇ ਚਾਈਲਡ ਟੈਕਸ ਕਰੈਡਿਟ ਲੈ ਰਹੇ ਹਨ ਪਰੰਤੂ ਵਰਕਿੰਗ ਟੈਕਸ ਕਰੈਡਿਟ ਨਹੀਂ ਅਤੇ ਸਾਲਾਨਾ ਆਮਦਨ £18725* ਤੋਂ ਘੱਟ ਹੈ
- ਜੇਕਰ ਮਾਪੇ ਚਾਈਲਡ ਟੈਕਸ ਕਰੈਡਿਟ ਅਤੇ ਵਰਕਿੰਗ ਟੈਕਸ ਕਰੈਡਿਟ ਦੋਨੇ ਲੈ ਰਹੇ ਹਨ ਅਤੇ ਸਾਲਾਨਾ ਆਮਦਨ £8717* ਤੋਂ ਘੱਟ ਹੈ।
- ਜੇਕਰ ਮਾਪਿਆਂ ਨੂੰ ਇੱਮੀਗਰੇਸ਼ਨ ਅਤੇ ਅਸਇਲਮ ਐਕਟ 1999 ਦੇ ਤਹਿਤ ਸਹਾਇਤਾ ਮਿਲ ਰਹੀ ਹੈ।
- ਕੋਈ ਵੀ ਇਨਸਾਨ ਜਿਸਦੀ ਉਮਰ 16 ਤੋਂ 18 ਸਾਲ ਦੇ ਵਿਚਕਾਰ ਹੈ, ਜੋ ਉਪਰੋਕਤ ਲਾਭਾਂ ਵਿਚੋਂ ਕੋਈ ਵੀ ਲਾਭ ਲੈ ਰਿਹਾ ਹੈ ਤਾਂ ਉਹ ਫ਼੍ਰੀ ਸਕੂਲ ਭੋਜਨ ਲੈਣ ਦਾ ਦਾਅਵਾ ਕਰ ਸਕਦਾ ਹੈ।
- ਜੇਕਰ ਮਾਪੇ ਯੂਨੀਵਰਸਲ ਕਰੈਡਿਟ ਪ੍ਰਾਪਤ ਕਰਦੇ ਹਨ ਪਰੰਤੂ ਓਹਨਾ ਦਾ ਵੇਤਨ £726 ਤੋਂ ਘੱਟ ਹੈ ।

## ਮੈਂ ਆਵੇਦਨ ਕਰਨ ਕਿਵੇਂ ਕਰ ਸਕਦਾ ਹਾਂ?

ਤੁਸੀਂ ਸਾਡੀ ਇਸ ਵੈਬਸਾਈਟ www.aberdeenshire.gov.uk/fsmscg ਤੇ ਜਾ ਕੇ ਅਪਲਾਈ ਕਰ ਸਕਦੇ ਹੋ ਜਾਂ ਫਿਰ ਇਸ ਨੰਬਰ 01467 533400.ਤੇ ਸੰਪਰਕ ਕਰ ਸਕਦੇ ਹੋ।

ਕਿਰਪਾ ਕਰਕੇ ਨੋਟ ਕਰੋ , ਜੇਕਰ ਤੁਸੀਂ ਹਾਊਸਿੰਗ ਬੇਨੇਫਿਟ ਜਾਂ ਕਾਉਂਸਿਲ ਟੈਕਸ ਘਟਾਉਣ ਲਈ ਅਪਲਾਈ ਕੀਤਾ ਹੈ ਤਾਂ ਉਹੀ ਫਾਰਮ ਮੁਫ਼ਤ ਸਕੂਲ ਭੋਜਨ ਪ੍ਰਾਪਤ ਕਰਨ ਲਈ ਵਰਤਿਆ ਜਾ ਸਕਦਾ ਹੈ , ਤੁਹਾਨੂੰ ਅਲੱਗ ਫਾਰਮ ਭਰਨ ਦੀ ਲੋੜ ਨਹੀਂ ਹੈ।

ਜੇਕਰ ਤੁਹਾਡਾ ਬੱਚਾ ਮੁਫ਼ਤ ਸਕੂਲ ਭੋਜਨ ਲੈਣ ਲਈ ਹੱਕਦਾਰ ਹੈ ਤਾਂ ਬੇਨੇਫਿਟ ਸੈਕਸ਼ਨ ਤੁਹਾਨੂੰ ਪੱਤਰ ਭੇਜ ਕੇ ਇਸਦੀ ਪੁਸ਼ਟੀ ਕਰੇਗਾ। ਸਕੂਲ ਨੂੰ ਸਾਡੀ ਫ਼੍ਰੀ ਸਕੂਲ ਭੋਜਨ ਟੀਮ ਦੁਆਰਾ ਸਿੱਧੇ ਤੌਰ ਤੇ ਸੂਚਨਾ ਭੇਜ ਦਿੱਤੀ ਜਾਵੇਗੀ ਅਤੇ ਵੇਰਵਿਆਂ ਨੂੰ ਅੱਪਡੇਟ ਕਰ ਲਿਆ ਜਾਵੇਗਾ।

## ਕੀ ਮੈਨੂੰ ਆਵੇਦਨ ਪੱਤਰ ਨਾਲ ਕੋਈ ਹੋਰ ਜਾਣਕਾਰੀ ਵੀ ਭੇਜਣੀ ਪਵੇਗੀ ?

ਆਪਣੀ ਆਮਦਨ ਦਾ ਸਬੂਤ ਆਵੇਦਨ ਪੱਤਰ ਨਾਲ **ਜਰੂਰ ਭੇਜੋ**।
ਇਹ ਹੇਠ ਲਿਖਿਆਂ ਵਿਚੋਂ ਕੋਈ ਵੀ ਹੋ ਸਕਦਾ ਹੈ :

- ਇਨਲੈਂਡ ਰੇਵੇਨਉ ਵਲੋਂ TC602 ਐਕਟ ਕਰੈਡਿਟ ਐਵਾਰਡ ਨੋਟਿਸ 2015/16 ਲਈ ਜੋ ਤੁਹਾਡੇ ਟੈਕਸ ਕਰੈਡਿਟ ਦੇ ਹੱਕ ਨੂੰ ਦਰਸਾਉਂਦਾ ਹੋਵੇ।
- ਡਿਪਾਰਟਮੈਂਟ ਆਫ ਵਰਕਸ ਐਂਡ ਪੈਨਸ਼ਨ (DWP) ਵੱਲੋਂ ਪੱਤਰ ਜੋ ਤੁਹਾਡੇ ਲਾਭ ਲੈਣ ਦੇ ਹੱਕ ਦੀ ਪੁਸ਼ਟੀ ਕਰਦਾ ਹੋਵੇ।
- ਨੈਸ਼ਨਲ ਅਸਾਈਲਮ ਸੁਪੋਰਟ ਸਰਵਿਸ ਵਲੋਂ ਕੋਈ ਪੱਤਰ ਜੋ ਸਹਾਇਤਾ ਲੈਣ ਦੀ ਪੁਸ਼ਟੀ ਕਰਦਾ ਹੋਵੇ।

* ਇਹ ਅੰਕੜੇ ਇਨਲੈਂਡ ਰੇਵੇਨਉ ਦੁਆਰਾ ਬਦਲੇ ਜਾ ਸਕਦੇ ਹਨ ਪ੍ਰੰਤੂ ਇਸ ਸਮੇ ਸਹੀ ਹਨ।

## ਜੇਕਰ ਮੇਰੇ ਹਾਲਾਤ ਬਦਲਦੇ ਹਨ ਤਾਂ ਕੀ ਹੋਵੇਗਾ ?

ਜੇਕਰ ਕਿਸੇ ਵਜ੍ਹਾ ਕਰਕੇ ਤੁਹਾਡੇ ਹਾਲਾਤ ਬਦਲਦੇ ਹਨ ਤਾਂ ਫੌਰਨ ਬੇਨੇਫਿਟ ਸੈਕਸ਼ਨ ਨੂੰ 01467 533400 ਉੱਪਰ ਕਾਲ ਕਰੋ ਦੱਸੋ ਜਾਂ fsm@aberdeehshire.gov.uk ਤੇ ਈ-ਮੇਲ ਕਰੋ।
ਜੇਕਰ ਤੁਸੀਂ ਫ਼੍ਰੀ ਸਕੂਲ ਭੋਜਨ ਪ੍ਰਾਪਤ ਕਰ ਰਹੇ ਹੋ ਜਿਸ ਦੇ ਤੁਸੀਂ ਹੱਕਦਾਰ ਨਹੀਂ ਤਾਂ ਤੁਹਾਨੂੰ ਇਸਦੇ ਪੈਸੇ ਵਾਪਸ ਕਰਨੇ ਪੈਣਗੇ।

## ਸਕੂਲੀ ਕੱਪੜਿਆਂ ਸਬੰਧੀ ਗ੍ਰਾਂਟ

ਜੇਕਰ ਤੁਹਾਡਾ ਬੱਚਾ ਫ਼੍ਰੀ ਸਕੂਲ ਭੋਜਨ ਲੈਣ ਦੇ ਯੋਗ ਹੈ ਤਾਂ ਉਹ ਸਕੂਲੀ ਕੱਪੜਿਆਂ ਸਬੰਧੀ ਗ੍ਰਾਂਟ ਲੈਣ ਦੇ ਵੀ ਯੋਗ ਹੋਵੇਗਾ।
ਸਕੂਲੀ ਕੱਪੜਿਆਂ ਸਬੰਧੀ ਗ੍ਰਾਂਟ ਅੱਜਕਲ £120 ਪ੍ਰਤੀ ਬੱਚਾ ਪ੍ਰਾਇਮਰੀ ਸਕੂਲ ਅਤੇ £150 ਪ੍ਰਤੀ ਬੱਚਾ ਸੈਕੰਡਰੀ ਸਕੂਲ ਦੇ ਹਿਸਾਬ ਨਾਲ ਨੀਯਤ ਹੈ ਰਾਸ਼ੀ ਦਾ ਭੁਗਤਾਨ ਤੁਹਾਡੇ ਦੁਆਰਾ ਨਾਮਜ਼ਦ ਬੈਂਕ ਖਾਤੇ ਵਿਚ ਸਿੱਧੇ ਤੌਰ ਤੇ ਕੀਤਾ ਜਾਵੇਗਾ।

**ਜੋ ਮਾਪੇ ਮੁਫ਼ਤ ਸਕੂਲ ਭੋਜਨ ਲਈ ਯੋਗਤਾ ਪੂਰੀ ਕਰਦੇ ਹਨ , ਏਬਰਡੀਨਸ਼ਾਇਰ ਕਾਉਂਸਿਲ ਓਹਨਾ ਸਾਰੇ ਮਾਪਿਆਂ ਨੂੰ ਅਪਲਾਈ ਕਰਨ ਲਈ ਉਤਸ਼ਾਹਿਤ ਕਰਦੀ ਹੈ I**

**ਜੇਕਰ ਤੁਸੀਂ ਕਿਸੇ ਵੀ ਮਾਪਦੰਡ ਨੂੰ ਪੂਰਾ ਕਰਦੇ ਹੋ ਤਾਂ ਆਵੇਦਨ ਕਰਨਾ ਤੁਹਾਡਾ ਅਧਿਕਾਰ ਹੈ।**

